ਵਲੋਂ

ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿੱਖਿਆ ਵਿੰਗ), ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਰਜਿਸਟਰਾਰ, (ਸੈਕੰਸ਼ਨਿੰਗ ਅਥਾਰਟੀਜ)

1. ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ।
2. ਡਾ. ਬੀ.ਆਰ.ਅੰਬੇਦਕਰ, ਨੈਸ਼ਨਲ ਇੰਸ. ਆਫ ਟੈਕ., ਜਲੰਧਰ।
3. ਇੰਡੀਅਨ ਇੰਸਟੀਚਿਊਟ ਆਫ ਟੈਕਨਾਲੌਜੀ, ਰੋਪੜ।
4. ਸੰਤ ਲੋਗੋਂਵਾਲ ਇੰਸਟੀਚਿਊਟ ਆਫ ਇੰਜ. ਅਤੇ ਟੈਕਨੋਲੌਜੀ, ਲੋਗੋਂਵਾਲ, ਸੰਗਰੂਰ।
5. ਥਾਪਰ ਯੂਨੀਵਰਸਿਟੀ, ਪਟਿਆਲਾ।
6. ਨੈਸ਼ਨਲ ਇੰਸਟੀਚਿਊਟ ਆਫ ਫਾਰਮਾਸਿਉਟੀਕਲ ਐਜੂਕੇਸ਼ਨ ਐਂਡ ਰਿਸ਼ਰਚ, ਮੋਹਾਲੀ।

7-21 ਪ੍ਰਿੰਸੀਪਲ
ਸਰਕਾਰੀ ਬਹੁਤਕਨੀਕੀ ਕਾਲਜ, ਅੰਮ੍ਰਿਤਸਰ, ਬਠਿੰਡਾ, ਬਟਾਲਾ, ਬਹਿਰਾਮ, ਬਡਬਰ, ਬੇਗੋਵਾਲ, ਬਰੇਟਾ, ਭਿਖੀਵਿੰਡ, ਹੁਸ਼ਿਆਰਪੁਰ, ਜੀਟੀਬੀ ਗੜ, ਫਤੂਹੀਖੇੜਾ, ਰਾਂਣਵਾ, ਖੂਨੀਮਾਜਰਾ, ਕੋਟਕਪੂਰਾ, ਫਿਰੋਜ਼ਪੁਰ।

22-27 ਸਰਕਾਰੀ ਬਹੁਤਕਨੀਕੀ ਕਾਲਜ ਲੜਕੀਆਂ, ਅੰਮ੍ਰਿਤਸਰ, ਜਲੰਧਰ, ਦੀਨਾਨਗਰ, ਪਟਿਆਲਾ, ਲੁਧਿਆਣਾ ਅਤੇ ਰੋਪੜ।

28 ਪ੍ਰਿੰਸੀਪਲ ਗੌਰਮਿੰਟ ਇੰਸਟੀਚਿਊਟ ਆਫ ਟੈਕਸਟਾਈਲ ਕਮਿਸਟਰੀ ਅਤੇ ਨਿਟਿੰਗ ਟੈਕਨੋਲੌਜੀ, ਲੁਧਿਆਣਾ।

ਮੀਮੋ ਨੰ:ਟੀਈ/ 558 ਵੈਬ-ਪੋਰਟਲ/ਸਕਾਲਰਸ਼ਿਪ ਮਿਤੀ: 04/09/2014

ਵਿਸ਼ਾ: ਫੀਸਾਂ ਦੀ ਵੈਰੀਫਿਕੇਸ਼ਨ/ ਵੈਟਿੰਗ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਆਪ ਦੇ ਅਧੀਨ ਆਉਂਦੀਆਂ ਸੰਸਥਾਵਾਂ ਨੂੰ ਇਹ ਹਦਾਇਤ ਕੀਤੀ ਜਾਵੇ ਕਿ ਸੰਸਥਾਵਾਂ ਦੇ ਅਧੀਨ ਚਲ ਰਹੇ ਸਾਰੇ ਕੋਰਸਾਂ ਦੀ ਮੁਕੰਮਲ Duration (ਭਾਵ ਜਿੰਨੇ ਸਾਲਾਂ ਦਾ ਕੋਰਸ ਹੈ) ਫੀਸਾਂ ਦੀ ਵੈਰੀਫਿਕੇਸ਼ਨ/ਵੈਟਿੰਗ ਲਾਈਨ ਵਿਭਾਗ ਤੋਂ ਤੁਰੰਤ ਕਰਵਾਈ ਜਾਵੇ ਤਾਂ ਜ਼ੋ ਉਨ੍ਹਾਂ ਦੇ ਕੋਰਸ ਵੈਬ ਪੋਰਟਲ ਤੇ ਸ਼ੋਅ ਹੋ ਸਕਣ।

ਇੱਥੇ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੇ ਅਧੀਨ ਆਉਂਦੀਆਂ ਸੰਸਥਾਵਾਂ ਵੱਲੋਂ ਸਿੱਧੇ ਤੌਰ ਤੇ ਲਾਈਨ ਵਿਭਾਗ ਤੇ ਨੂੰ ਈ.ਮੇਲ/ ਟੈਲੀਫੋਨ ਜਾਂ ਨਿੱਜੀ ਪੱਧਰ ਤੇ ਲਾਈਨ ਵਿਭਾਗ ਨੂੰ ਪਹੁੰਚ ਕੀਤੀ ਜਾਂਦੀ ਹੈ। ਇਸ ਲਈ ਉਨ੍ਹਾਂ ਨੂੰ ਸਖਤ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਉਹ ਆਪਣੀ ਸੈਕਸ਼ਨਿੰਗ ਅਥਾਰਟੀ ਨਾਲ ਤਾਲਮੇਲ ਕਰਕੇ ਉਨ੍ਹਾਂ ਨੂੰ ਵੈਬ ਪੋਰਟਲ ਨਾਲ ਸਬੰਧਤ ਜਾਂ ਸਕਾਲਰਸ਼ਿਪ ਸਬੰਧੀ ਆ ਰਹੀਆਂ ਮੁਸ਼ਕਲਾਂ ਦਾ ਨਿਪਟਾਰਾ ਕਰਵਾਉਣ ਅਤੇ ਕੇਵਲ ਆਪਣੀ ਸੈਕਸ਼ਨਿੰਗ ਅਥਾਰਟੀ ਰਾਹੀਂ ਹੀ ਲਾਈਨ ਵਿਭਾਗ ਨਾਲ ਸੰਪਰਕ ਕਾਇਮ ਕਰਨ।

ਵਧੀਕ ਡਾਇਰੈਕਟਰ
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਚੰਡੀਗੜ੍ਹ।

ਪਿੱਠ ਅੰਕਣ ਨੰ:ਟੀਈ/ 559 ਵੈਬ-ਪੋਰਟਲ/ਸਕਾਲਸ਼ਿਪ ਮਿਤੀ: 04/09/2014

ਉਪਰੋਕਤ ਦਾ ਇੱਕ ਉਤਾਰਾ ਪ੍ਰੋਗਰਾਮਰ (ਮੁੱਖ ਦਫ਼ਤਰ) ਨੂੰ ਵਿਭਾਗ ਦੀ ਵੈਬ ਸਾਈਟ ਤੇ ਪਾਉਣ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।